## 3.4 ਵਾਕਾਤਮਕ ਜੁਗਤਾਂ

### ਵਾਕ

ਵਾਕ ਵਿਆਕਰਨ ਦੀ ਸਭ ਤੋਂ ਵੱਡੀ ਇਕਾਈ ਹੈ। ਇਹ ਅਜਿਹੀ ਭਾਸ਼ਾਈ ਇਕਾਈ ਹੈ, ਜਿਹੜੀ ਕਿਸੇ ਹੋਰ ਵਿਆਕਰਨਕ ਇਕਾਈ ਦੇ ਅਧੀਨ ਨਹੀਂ ਹੁੰਦੀ। ਬਲਕਿ ਬਾਕੀ ਵਿਆਕਰਨਕ ਇਕਾਈਆਂ ਉਪਵਾਕ, ਵਾਕੰਸ਼, ਸ਼ਬਦ ਅਤੇ ਭਾਵੰਸ਼ ਇਸ ਦੇ ਅਧੀਨ ਵਿਚਰਦੀਆਂ ਹਨ।

### ਵਾਕਾਤਮਕ ਜੁਗਤਾਂ

ਵਾਕ-ਬਣਤਰ ਵਿਚ ਵਿਚਰਨ ਵਾਲੇ ਸ਼ਬਦ ਜਾਂ ਸ਼ਬਦ ਸਮੂਹ ਕਈ ਪ੍ਰਕਾਰ ਦੇ ਵਾਕਾਤਮਕ ਸੰਬੰਧਾਂ ਵਿਚ ਬੱਝੇ ਹੁੰਦੇ ਹਨ। ਇਕ ਸ਼੍ਰੇਣੀ ਦੇ ਸ਼ਬਦ ਰੂਪ ਦੂਜੀ ਸ਼੍ਰੇਣੀ ਦੇ ਸ਼ਬਦ ਰੂਪਾਂ ਨੂੰ ਲਿੰਗ, ਵਚਨ, ਪੁਰਖ, ਕਾਲ ਆਦਿ ਪੱਖਾਂ ਤੋਂ ਪ੍ਰਭਾਵਿਤ ਕਰਦੇ ਹਨ। ਇਸ ਦੇ ਫਲਸਰੂਪ ਸ਼ਬਦਾਂ ਦੇ ਰੂਪ ਵਿਚ ਵਿਕਾਰ ਜਾਂ ਪਰਿਵਰਤਨ ਵਾਪਰਦਾ ਹੈ। ਇਹਨਾਂ ਵਿਕਾਰੀ ਸ਼ਬਦਾਂ ਦੀ ਵਰਤੋਂ ਦੋ ਵਿਧੀਆਂ ਅਧੀਨ ਕੀਤੀ ਜਾਂਦੀ ਹੈ, ਜਿਹਨਾਂ ਨੂੰ 'ਵਾਕਾਤਮਕ ਜੁਗਤਾਂ' ਆਖਦੇ ਹਨ। ਇਹਨਾਂ ਜੁਗਤਾਂ ਵਿਚ 'ਮੇਲ' ਅਤੇ 'ਅਧਿਕਾਰ' ਸ਼ਾਮਿਲ ਹਨ।

### (ੳ) ਮੇਲ

ਮੇਲ ਵਾਕਾਤਮਕ ਜੁਗਤ ਹੈ। ਵਾਕ-ਬਣਤਰ ਵਿਚ ਜਦੋਂ ਕੋਈ ਸ਼ਬਦ ਰੂਪ ਕਿਸੇ ਹੋਰ ਸ਼ਬਦ ਰੂਪ ਨੂੰ ਪ੍ਰਭਾਵਿਤ ਕਰੇ ਤਾਂ ਕਿਹਾ ਜਾਂਦਾ ਹੈ ਕਿ ਦੋਵਾਂ ਸ਼ਬਦਾਂ ਵਿਚ 'ਮੇਲ' ਜਾਂ 'ਸਮਤਾ' ਹੈ। ਵਾਕ-ਬਣਤਰ ਵਿਚ ਇਕ ਸ਼ਬਦ ਰੂਪ ਦਾ ਦੂਜੇ ਸ਼ਬਦ ਰੂਪ ਦੇ ਅਨੁਰੂਪ ਹੋਣ ਨੂੰ 'ਮੇਲ' ਕਹਿੰਦੇ ਹਨ। ਦੂਜੇ ਸ਼ਬਦਾਂ ਵਿਚ ਜਦ ਦੋ ਇਕਾਈਆਂ ਕਿਸੇ ਸਾਂਝੇ ਵਿਆਕਰਨਕ ਲੱਛਣਾਂ ਅਧੀਨ ਪਰਿਵਰਤਿਤ ਹੁੰਦੀਆਂ ਹਨ, ਉਨ੍ਹਾਂ ਦੇ ਆਪਸੀ ਸੰਬੰਧਾਂ ਨੂੰ 'ਮੇਲ' ਕਿਹਾ ਜਾਂਦਾ ਹੈ।

**ਪੰਜਾਬੀ ਵਾਕਾਂ ਵਿਚ ਮੇਲ :** ਪੰਜਾਬੀ ਵਾਕਾਂ ਵਿਚ ਨਿਮਨਲਿਖਤ ਇਕਾਈਆਂ ਵਿਚਕਾਰ ਵਿਆਕਰਨਕ ਮੇਲ ਸਥਾਪਿਤ ਹੁੰਦਾ ਹੈ :

• **ਵਿਸ਼ੇਸ਼ਣ ਅਤੇ ਨਾਂਵ ਵਿਚਾਲੇ ਮੇਲ :** ਪੰਜਾਬੀ ਭਾਸ਼ਾ ਦੇ ਵਾਕਾਂ ਵਿਚ ਵਿਸ਼ੇਸ਼ਣ ਆਪਣੇ ਵਿਸ਼ੇਸ਼ ਭਾਵ ਨਾਂਵ ਅਨੁਸਾਰ ਲਿੰਗ, ਵਚਨ, ਕਾਰਕ ਪੱਧਰ ਉੱਤੇ ਵਿਆਕਰਨਕ ਮੇਲ ਸਥਾਪਿਤ ਕਰਦਾ ਹੈ। ਜਿਵੇਂ :

— ਸੋਹਣਾ ਮੁੰਡਾ
↓ ↓
ਵਿਸ਼ੇਸ਼ਣ ਨਾਂਵ

— ਸੋਹਣੀ ਕੁੜੀ
↓ ↓
ਵਿਸ਼ੇਸ਼ਣ ਨਾਂਵ

— ਸੋਹਣੇ ਬੱਚੇ
↓ ↓
ਵਿਸ਼ੇਸ਼ਣ ਨਾਂਵ

ਉਪਰੋਕਤ ਉਦਾਹਰਨਾਂ ਵਿਚ ਵਿਸ਼ੇਸ਼ਣ 'ਸੋਹਣਾ' ਅਤੇ 'ਸੋਹਣੇ' ਆਪਣੇ ਵਿਸ਼ੇਸ਼ 'ਮੁੰਡਾ', 'ਕੁੜੀ' ਅਤੇ 'ਬੱਚੇ' ਨਾਲ ਲਿੰਗ, ਵਚਨ ਅਤੇ ਕਾਰਕ ਪੱਖ ਤੋਂ ਵਿਆਕਰਨਕ ਮੇਲ ਸਥਾਪਿਤ ਕਰਦਾ ਹੈ।

- **ਕਰਤਾ ਨਾਂਵ ਅਤੇ ਕਿਰਿਆ ਵਿਚਾਲੇ ਮੇਲ :** ਪੰਜਾਬੀ ਵਾਕਾਂ ਵਿਚ ਕਰਤਾ ਨਾਂਵ ਅਤੇ ਕਿਰਿਆ ਵਿਚਕਾਰ ਵਚਨ ਅਤੇ ਲਿੰਗ ਪੱਧਰ ਉੱਤੇ ਵਿਆਕਰਨਕ ਮੇਲ ਸਥਾਪਿਤ ਹੁੰਦਾ ਹੈ। ਜਿਵੇਂ :

— ਬੱਚਾ ਗਿਆ।
↓ ↓
ਕਰਤਾ ਨਾਂਵ ਕਿਰਿਆ

— ਬੱਚੇ ਗਏ।
↓ ↓
ਕਰਤਾ ਨਾਂਵ ਕਿਰਿਆ

— ਕੁੜੀ ਆਈ।
↓ ↓
ਕਰਤਾ ਨਾਂਵ ਕਿਰਿਆ

— ਕੁੜੀਆਂ ਆਈਆਂ।
↓ ↓
ਕਰਤਾ ਨਾਂਵ ਕਿਰਿਆ

ਉਪਰੋਕਤ ਉਦਾਹਰਨਾਂ ਵਿਚ ਕਰਤਾ ਨਾਂਵ 'ਬੱਚਾ', 'ਬੱਚੇ', 'ਕੁੜੀ' ਅਤੇ 'ਕੁੜੀਆਂ' ਦਾ ਕਿਰਿਆ 'ਗਿਆ', 'ਗਏ', 'ਆਈ', 'ਆਈਆਂ' ਨਾਲ ਲਿੰਗ ਅਤੇ ਵਚਨ ਪੱਖੋਂ ਵਿਆਕਰਨਕ ਮੇਲ ਸਥਾਪਿਤ ਕਰਦਾ ਹੈ।

- **ਪੜਨਾਂਵ ਅਤੇ ਕਿਰਿਆ ਵਿਚਾਲੇ ਮੇਲ:** ਪੰਜਾਬੀ ਵਾਕਾਂ ਵਿਚ ਪੜਨਾਂਵ ਦਾ ਕਿਰਿਆ ਨਾਲ ਮੇਲ ਹੁੰਦਾ ਹੈ। ਜਿਵੇਂ :

— ਉਹ ਲਿਖਾਏਗਾ।
↓ ↓
ਪੜਨਾਂਵ ਕਿਰਿਆ

— ਅਸੀਂ ਲਿਖਵਾਵਾਂਗੇ।
↓ ↓
ਪੜਨਾਂਵ ਕਿਰਿਆ

— ਸਾਰੇ ਲਿਖਵਾਉਣਗੇ।
↓ ↓
ਪੜਨਾਂਵ ਕਿਰਿਆ

ਉਪਰੋਕਤ ਉਦਾਹਰਨਾਂ ਵਿਚ ਕਰਤਾ ਨਾਂਵ ਜਾਂ ਪੜਨਾਂਵ 'ਉਹ', 'ਅਸੀਂ' ਅਤੇ 'ਸਾਰੇ' ਕਿਰਿਆ 'ਲਿਖਾਏਗਾ', 'ਲਿਖਵਾਵਾਂਗੇ' ਅਤੇ 'ਲਿਖਵਾਉਣਗੇ' ਨਾਲ ਮੇਲ ਸਥਾਪਿਤ ਕਰਦਾ ਹੈ।

• **ਪੜਨਾਂਵ ਅਤੇ ਸਹਾਇਕ ਕਿਰਿਆ ਵਿਚਾਲੇ ਮੇਲ :** ਪੰਜਾਬੀ ਵਾਕਾਂ ਵਿਚ ਪੜਨਾਂਵ, ਸਹਾਇਕ ਕਿਰਿਆ ਨਾਲ ਵਚਨ ਪੱਧਰ ਉੱਤੇ ਵਿਆਕਰਨਕ ਮੇਲ ਸਥਾਪਿਤ ਕਰਦਾ ਹੈ। ਜਿਵੇਂ :

— ਉਹ ਲਿਖਦਾ ਹੈ।
↓ ↓
ਪੜਨਾਂਵ ਸਹਾਇਕ ਕਿਰਿਆ

— ਸਾਰੇ ਲਿਖਦੇ ਹਨ।
↓ ↓
ਪੜਨਾਂਵ ਸਹਾਇਕ ਕਿਰਿਆ

— ਬੱਚੇ ਗਏ ਸਨ।
↓ ↓
ਪੜਨਾਂਵ ਸਹਾਇਕ ਕਿਰਿਆ

— ਮੈਂ ਗਿਆ ਸੀ।
↓ ↓
ਪੜਨਾਂਵ ਸਹਾਇਕ ਕਿਰਿਆ

ਉਪਰੋਕਤ ਉਦਾਹਰਨਾਂ ਵਿਚ ਪੜਨਾਂਵ 'ਉਹ', 'ਸਾਰੇ', 'ਬੱਚੇ', 'ਮੈਂ' ਦਾ ਸਹਾਇਕ ਕਿਰਿਆ 'ਹੈ', 'ਹਨ', 'ਸਨ', 'ਸੀ' ਨਾਲ ਮੇਲ ਸਥਾਪਿਤ ਵੇਖਿਆ ਜਾ ਸਕਦਾ ਹੈ।

• **ਕਿਰਿਆ ਅਤੇ ਸਹਾਇਕ ਕਿਰਿਆ ਵਿਚਾਲੇ ਮੇਲ :** ਪੰਜਾਬੀ ਭਾਸ਼ਾ ਦੇ ਵਾਕਾਂ ਵਿਚ ਕਿਰਿਆ ਅਤੇ ਸਹਾਇਕ ਕਿਰਿਆ ਵਿਚਾਲੇ ਵਚਨ ਪੱਧਰ ਉੱਤੇ ਮੇਲ ਸਥਾਪਿਤ ਹੁੰਦਾ ਹੈ। ਜਿਵੇਂ :

— ਉਹ ਪਾਣੀ ਪੀਂਦਾ ਹੈ।
↓ ↓
ਕਿਰਿਆ ਸਹਾਇਕ ਕਿਰਿਆ

— ਉਹ ਪਾਣੀ ਪੀਂਦੇ ਹਨ।
↓ ↓
ਕਿਰਿਆ ਸਹਾਇਕ ਕਿਰਿਆ

— ਉਹਨਾਂ ਪਾਣੀ ਪੀਤਾ ਸੀ।

↓ ↓

ਕਿਰਿਆ ਸਹਾਇਕ ਕਿਰਿਆ

ਉਪਰੋਕਤ ਵਾਕਾਂ ਵਿਚ ਕਿਰਿਆ 'ਪੀਂਦਾ', 'ਪੀਂਦੇ' ਅਤੇ 'ਪੀਤਾ' ਦਾ ਸਹਾਇਕ ਕਿਰਿਆ 'ਹੈ', 'ਹਨ' ਅਤੇ 'ਸੀ' ਨਾਲ ਵਿਆਕਰਨਕ ਮੇਲ ਸਥਾਪਿਤ ਹੋਇਆ ਹੈ।

• **ਸੰਬੰਧਕ ਅਤੇ ਨਾਂਵ ਵਿਚਾਲੇ ਮੇਲ :** ਪੰਜਾਬੀ ਭਾਸ਼ਾ ਵਿਚ ਸੰਬੰਧਕ ਆਪਣੇ ਤੋਂ ਪਹਿਲਾਂ ਆਉਣ ਵਾਲੇ ਨਾਂਵ ਨੂੰ ਸੰਬੰਧਕੀ ਰੂਪ ਵਿਚ ਪੇਸ਼ ਕਰਦੇ ਹਨ ਅਤੇ ਪਿੱਛੋਂ ਆਉਣ ਵਾਲੇ ਨਾਂਵ ਨਾਲ ਲਿੰਗ, ਵਚਨ ਅਤੇ ਕਾਰਕ ਪੱਧਰ ਉੱਤੇ ਮੇਲ ਰੱਖਦੇ ਹਨ। ਜਿਵੇਂ :

— ਪਿਉ ਦਾ ਭਰਾ

↓ ↓ ↓

ਨਾਂਵ ਸੰਬੰਧਕ ਨਾਂਵ

— ਪਿਉ ਦੇ ਭਰਾਵਾਂ

↓ ↓ ↓

ਨਾਂਵ ਸੰਬੰਧਕ ਨਾਂਵ

— ਕੁੜੀ ਦੀ ਚਾਚੀ

↓ ↓ ↓

ਨਾਂਵ ਸੰਬੰਧਕ ਨਾਂਵ

— ਕੁੜੀ ਦੀਆਂ ਚਾਚੀਆਂ

↓ ↓ ↓

ਨਾਂਵ ਸੰਬੰਧਕ ਨਾਂਵ

ਉਪਰੋਕਤ ਵਾਕਾਂ ਵਿਚ ਸੰਬੰਧਕ 'ਦਾ', 'ਦੇ', 'ਦੀ' ਅਤੇ 'ਦੀਆਂ' ਆਪਣੇ ਤੋਂ ਪਹਿਲੇ ਵਾਲੇ ਨਾਂਵਾਂ ਨਾਲ ਸੰਬੰਧਕੀ ਰੂਪ ਵਿਚ ਪੇਸ਼ ਹੋਏ ਹਨ, ਜਦ ਕਿ ਆਪਣੇ ਤੋਂ ਪਿੱਛੋਂ ਆਉਣ ਵਾਲੇ ਨਾਂਵਾਂ 'ਭਰਾ', 'ਭਰਾਵਾਂ', 'ਚਾਚੀ' ਅਤੇ 'ਚਾਚੀਆਂ' ਨਾਲ ਮੇਲ ਸਥਾਪਿਤ ਕਰਦੇ ਹਨ।

• **ਨਾਂਵ ਅਤੇ ਵਿਧੇਈ ਵਿਸ਼ੇਸ਼ਣ ਵਿਚਾਲੇ ਮੇਲ :** ਪੰਜਾਬੀ ਭਾਸ਼ਾ ਵਿਚ ਨਾਂਵ ਅਤੇ ਵਿਧੇਈ ਵਿਸ਼ੇਸ਼ਣ ਵਚਨ ਅਤੇ ਲਿੰਗ ਪੱਧਰ ਉੱਤੇ ਵਿਆਕਰਨਕ ਮੇਲ ਸਥਾਪਿਤ ਕਰਦੇ ਹਨ। ਜਿਵੇਂ :

— ਕੁੜੀ ਸੋਹਣੀ

↓ ↓

ਨਾਂਵ ਵਿਧੇਈ ਵਿਸ਼ੇਸ਼ਣ

— ਮੁੰਡਾ ਸੋਹਣਾ
↓ ↓
ਨਾਂਵ ਵਿਧੇਈ ਵਿਸ਼ੇਸ਼ਣ

— ਬੱਚੇ ਸੋਹਣੇ
↓ ↓
ਨਾਂਵ ਵਿਧੇਈ ਵਿਸ਼ੇਸ਼ਣ

• **ਨਾਂਵ ਅਤੇ ਕਿਰਿਆ ਪੂਰਕ ਵਿਚਾਲੇ ਮੇਲ :** ਪੰਜਾਬੀ ਭਾਸ਼ਾ ਵਿਚ ਨਾਂਵ ਅਤੇ ਕਿਰਿਆ ਪੂਰਕ ਦਾ ਵਚਨ ਪੱਧਰ ਉੱਤੇ ਮੇਲ ਕਾਇਮ ਹੁੰਦਾ ਹੈ। ਜਿਵੇਂ :

— ਉਹ ਮੁੰਡਾ ਹੈ।
↓ ↓
ਨਾਂਵ ਕਿਰਿਆ ਪੂਰਕ

— ਉਹ ਮੁੰਡੇ ਹਨ।
↓ ↓
ਨਾਂਵ ਕਿਰਿਆ ਪੂਰਕ

— ਉਹ ਕੁੜੀ ਹੈ।
↓ ↓
ਨਾਂਵ ਕਿਰਿਆ ਪੂਰਕ

— ਉਹ ਕੁੜੀਆਂ ਹਨ।
↓ ↓
ਨਾਂਵ ਕਿਰਿਆ ਪੂਰਕ

• **ਕਰਮ ਅਤੇ ਕਿਰਿਆ ਵਿਚਾਲੇ ਮੇਲ :** ਪੰਜਾਬੀ ਭਾਸ਼ਾ ਵਿਚ ਜਦੋਂ ਕਰਤਾ ਨਾਂਵ ਤੋਂ ਬਾਅਦ ਸੰਬੰਧਕ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਕਿਰਿਆ ਆਮ ਤੌਰ ਉੱਤੇ ਵਚਨ ਅਤੇ ਲਿੰਗ ਅਨੁਸਾਰ ਮੇਲ ਸਥਾਪਿਤ ਕਰਦੀ ਹੈ। ਜਿਵੇਂ :

— ਮਾਸਟਰ ਨੇ ਕਿਤਾਬ ਦਿੱਤੀ।
↓ ↓
ਕਰਮ ਕਿਰਿਆ

— ਮਾਸਟਰ ਨੇ ਕਿਤਾਬਾਂ ਦਿੱਤੀਆਂ।
↓ ↓
ਕਰਮ ਕਿਰਿਆ

## (ਅ) ਅਧਿਕਾਰ

ਅਧਿਕਾਰ ਵਾਕਾਤਮਕ ਜੁਗਤ ਹੈ। ਜਦੋਂ ਵਾਕ-ਬਣਤਰ ਵਿਚ ਕਿਸੇ ਸ਼ਬਦ ਦੇ ਆਉਣ ਨਾਲ ਦੂਜੇ ਸ਼ਬਦ ਦਾ ਰੂਪ ਬਦਲ ਜਾਵੇ ਤਾਂ ਪਹਿਲੇ ਸ਼ਬਦ ਦਾ ਦੂਜੇ ਉੱਤੇ

ਅਧਿਕਾਰ ਕਾਇਮ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਦੋ ਜਾਂ ਦੋ ਤੋਂ ਵਧੇਰੇ ਇਕਾਈਆਂ ਦੇ ਆਪਸੀ ਸੰਬੰਧਾਂ ਨੂੰ 'ਅਧਿਕਾਰ' ਕਿਹਾ ਜਾਂਦਾ ਹੈ, ਜਿੱਥੇ ਕਿਸੇ ਇਕਾਈ ਦੀ ਆਮਦ ਦੂਜੀ ਇਕਾਈ ਦਾ ਰੂਪ ਨਿਰਧਾਰਤ ਕਰਦੀ ਹੈ। ਇਸ ਵਾਕਾਤਮਕ ਜੁਗਤ ਅਧੀਨ ਕੁਝ ਵਿਸ਼ੇਸ਼ ਹਾਲਤਾਂ ਵਿਚ ਸ਼ਬਦਾਂ ਦੇ ਰੂਪ ਵਿਚ ਪਰਿਵਰਤਨ ਵਾਪਰਦਾ ਹੈ। ਜਿਵੇਂ :

• ਜਿਹੜਾ ਲਿੰਗ ਨਾਂਵ /-ਆ/ ਅੰਤਕ ਹੁੰਦਾ ਹੈ, ਉਥੇ ਸੰਬੰਧਕ ਦੇ ਅਧਿਕਾਰ ਵਿਚ ਉਹ /-ਏ/ ਅੰਤਕ ਹੋ ਜਾਂਦਾ ਹੈ। ਜਿਵੇਂ :

— ਮੁੰਡਾ → ਮੁੰਡੇ ਨੇ
— ਮੁੰਡਾ → ਮੁੰਡੇ ਨੂੰ
— ਮੁੰਡਾ → ਮੁੰਡੇ ਦੇ
— ਮੁੰਡਾ → ਮੁੰਡੇ ਦੀਆਂ
— ਮੁੰਡਾ → ਮੁੰਡੇ ਵਿਚ

• ਜਿਹੜਾ ਪੁਲਿੰਗ ਨਾਂਵ /-ਏ/ ਅੰਤਕ ਹੁੰਦਾ ਹੈ, ਉਥੇ ਸੰਬੰਧਕ ਦੇ ਅਧਿਕਾਰ ਵਿਚ /-ਇਆ/ ਅੰਤਕ ਹੋ ਜਾਂਦਾ ਹੈ। ਜਿਵੇਂ :

— ਮੁੰਡਾ → ਮੁੰਡਿਆਂ ਨੇ
— ਮੁੰਡਾ → ਮੁੰਡਿਆਂ ਦੇ
— ਮੁੰਡਾ → ਮੁੰਡਿਆਂ ਦੀਆਂ
— ਮੁੰਡਾ → ਮੁੰਡਿਆਂ ਨੂੰ
— ਮੁੰਡਾ → ਮੁੰਡਿਆਂ ਵਿਚ

• ਜਿਹੜੇ ਨਾਂਵ /-ਈ/ ਅੰਤਕ ਰੂਪ ਵਾਲੇ ਹੁੰਦੇ ਹਨ, ਉਹਨਾਂ ਉੱਤੇ ਸੰਬੰਧਕ ਦੇ ਅਧਿਕਾਰ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਜਿਵੇਂ :

— ਕੁੜੀ ਗੀਤ ਗਾਉਂਦੀ ਹੈ → ਕੁੜੀ ਨੇ ਗੀਤ ਗਾਇਆ।
— ਸਾਥੀ ਪਾਣੀ ਪੀ ਰਿਹਾ ਹੈ → ਸਾਥੀ ਨੇ ਪਾਣੀ ਪੀਤਾ।
— ਮਾਲੀ ਪੌਦਿਆਂ ਨੂੰ ਪਾਣੀ ਦਿੰਦਾ ਹੈ → ਮਾਲੀ ਨੇ ਪੌਦਿਆਂ ਨੂੰ ਪਾਣੀ ਦਿੱਤਾ।

• ਪੰਜਾਬੀ ਭਾਸ਼ਾ ਵਿਚ ਜਿਹਨਾਂ ਵਾਕਾਂ ਦੀ ਬਣਤਰ ਵਿਚ /-ਇਆ/ ਅੰਤਕ ਕਿਰਿਆ ਰੂਪ ਹੁੰਦਾ ਹੈ ਤਾਂ ਨਾਂਵ ਵਾਕੰਸ਼ ਦੀ ਬਣਤਰ ਵਿਚ /ਨੇ/ਨੂੰ/ ਸੰਬੰਧਕ ਦੀ ਵਰਤੋਂ ਹੁੰਦੀ ਹੈ। ਭਾਵ ਕਿਰਿਆ ਦਾ ਨਾਂਵ ਵਾਕੰਸ਼ ਉੱਤੇ ਅਧਿਕਾਰ ਹੁੰਦਾ ਹੈ। ਜਿਵੇਂ :

— ਬੱਚੇ ਨੇ ਕੰਮ ਕਰ ਲਿਆ। (ਲ + ਇਆ)
— ਮੁੰਡੇ ਨੇ ਪੜ੍ਹਿਆ। (ਪੜ੍ਹ + ਇਆ)
— ਮਾਸਟਰ ਨੂੰ ਦੱਸਿਆ। (ਦੱਸ + ਇਆ)

• ਪੰਜਾਬੀ ਵਾਕ ਬਣਤਰ ਵਿਚ ਸੰਬੰਧਕ ਦਾ ਕਿਰਿਆ ਉੱਤੇ ਅਧਿਕਾਰ ਸਥਾਪਿਤ ਹੁੰਦਾ ਹੈ। ਜਿਵੇਂ :

— ਕੁੜੀ ਰੋਟੀ ਖਾ ਰਹੀ ਹੈ → ਕੁੜੀ ਨੇ ਰੋਟੀ ਖਾਧੀ।
— ਮਾਸਟਰ ਲਿਖਾ ਰਿਹਾ ਹੈ → ਮਾਸਟਰ ਨੇ ਲਿਖਾਇਆ।
— ਬੱਚੇ ਲਿਖ ਰਹੇ ਹੋਣਗੇ → ਬੱਚਿਆਂ ਨੇ ਲਿਖਿਆ ਹੋਵੇਗਾ।

• ਕੁਝ ਵਾਕਾਂ ਵਿਚ ਵਿਸ਼ੇਸ਼ਣ ਉੱਤੇ ਵੀ ਸੰਬੰਧਕ ਦਾ ਅਧਿਕਾਰ ਸਥਾਪਿਤ ਹੁੰਦਾ ਹੈ। ਭਾਵ ਵਿਸ਼ੇਸ਼ਣ ਵੀ ਸੰਬੰਧਕ ਦਾ ਰੂਪ ਕਬੂਲਦਾ ਹੈ। ਜਿਵੇਂ :

— ਨਿੱਕਾ ਬੱਚਾ ਬਿਸਕੁੱਟ ਖਾਂਦਾ ਹੈ।
↓
ਵਿਸ਼ੇਸ਼ਣ

— ਨਿੱਕੇ ਬੱਚੇ ਨੇ ਬਿਸਕੁੱਟ ਖਾਧਾ।
↓ ↓
ਵਿਸ਼ੇਸ਼ਣ ਸੰਬੰਧਕ

— ਨਿੱਕਿਆਂ ਬੱਚਿਆਂ ਨੇ ਬਿਸਕੁੱਟ ਖਾਧੇ।
↓ ↓
ਵਿਸ਼ੇਸ਼ਣ ਸੰਬੰਧਕ

• ਸੰਬੰਧਕਾਂ ਦਾ ਅਧਿਕਾਰ ਪੜਨਾਂਵ ਉੱਤੇ ਵੀ ਸਥਾਪਿਤ ਹੁੰਦਾ ਹੈ, ਜਿਸ ਕਰਕੇ ਪੜਨਾਂਵ ਦਾ ਰੂਪ ਬਦਲ ਜਾਂਦਾ ਹੈ। ਜਿਵੇਂ:

— ਮੈਂ → ਮੈਨੂੰ → ਮੈਥੋਂ
— ਅਸੀਂ → ਸਾਡਾ → ਸਾਨੂੰ → ਅਸਾਨੂੰ
— ਤੂੰ → ਤੈਥੋਂ → ਤੁਹਾਡੇ → ਤੁਸਾਨੂੰ → ਤੈਨੂੰ

ਇਸ ਤਰ੍ਹਾਂ ਵਾਕ ਵਿਚ ਵਿਚਰ ਰਹੇ ਵਿਕਾਰੀ ਸ਼ਬਦਾਂ (ਜਿਹਨਾਂ ਸ਼ਬਦਾਂ ਦੇ ਰੂਪ ਵਿਚ ਪਰਿਵਰਤਨ ਹੁੰਦਾ ਹੈ) ਦੇ ਰੂਪ ਉੱਤੇ 'ਮੇਲ' ਅਤੇ 'ਅਧਿਕਾਰ' ਵਾਕਾਤਮਕ ਜੁਗਤਾਂ ਰਾਹੀਂ ਕਾਬੂ ਪਾਇਆ ਜਾ ਸਕਦਾ ਹੈ। ਇਹ ਵਾਕਾਤਮਕ ਜੁਗਤਾਂ ਇਕ ਪ੍ਰਕਾਰ ਦਾ ਨਿਯਮ ਪ੍ਰਬੰਧ ਹਨ, ਜਿਹਨਾਂ ਅਧੀਨ ਵਾਕ-ਬਣਤਰ ਵਿਚ ਵਿਚਰ ਰਹੇ ਸ਼ਬਦ ਰੂਪਾਂ ਵਿਚ ਵਿਆਕਰਨਕ ਪੱਖ ਤੋਂ ਇਕਰੂਪਤਾ ਅਤੇ ਇਕਸਾਰਤਾ ਆਉਂਦੀ ਹੈ।

## 3.5 ਨਾਂਵ ਵਾਕੰਸ਼ : ਪਰਿਭਾਸ਼ਾ, ਬਣਤਰ ਅਤੇ ਪ੍ਰਕਾਰ

### ਵਾਕੰਸ਼

ਵਾਕੰਸ਼ ਵਿਆਕਰਨ ਦੀ ਮਹੱਤਵਪੂਰਨ ਇਕਾਈ ਹੈ। ਇਹ ਦੋ ਸ਼ਬਦਾਂ ਵਾਕ + ਅੰਸ਼ ਦਾ ਸੁਮੇਲ ਹੈ। ਇਸ ਦੇ ਸ਼ਾਬਦਿਕ ਅਰਥ ਹਨ : ਵਾਕ ਦਾ ਅੰਸ਼ ਜਾਂ ਹਿੱਸਾ। ਵਾਕੰਸ਼ ਉਪਵਾਕ ਤੋਂ ਛੋਟੀ ਅਤੇ ਸ਼ਬਦ ਤੋਂ ਵੱਡੀ ਵਿਆਕਰਨਕ ਇਕਾਈ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਪਵਾਕ ਅਤੇ ਸ਼ਬਦ ਦਰਮਿਆਨ ਵਿਚਰਨ ਵਾਲੀ ਇਕਾਈ 'ਵਾਕੰਸ਼' ਹੁੰਦੀ ਹੈ।